National Research Journal of Social Sciences
Volume-11, Issue-1, January-June 2026
PP: 89-91
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ ਰਚਨਾਂ ਅਤੇ ਸ਼ਹਾਦਤ

**ਸੁਰਿੰਦਰ ਕੌਰ**

ਸਹਾਇਕ ਪ੍ਰੋਫੈਸਰ
ਪੀ.ਜੀ.ਜੀ.ਸੀ.ਜੀ. ਸੈਕਟਰ-42, ਚੰਡੀਗੜ੍ਹ

**ਸ਼ੋਧ ਸਾਰ :**

ਗੁਰੂ ਜੀ ਦੀ ਸ਼ਹਾਦਤ ਭਾਰਤੀ ਇਤਿਹਾਸ ਵਿੱਚ ਧਾਰਮਿਕ ਆਜ਼ਾਦੀ ਦੀ ਅਦੁੱਤੀ ਮਿਸਾਲ ਹੈ। ਕਸ਼ਮੀਰੀ ਪੰਡਿਤਾਂ ਦੀ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਉਨ੍ਹਾਂ ਨੇ ਆਪਣਾ ਸਰਬੰਸ ਤਿਆਗ ਦਿੱਤਾ ਅਤੇ ਦਿੱਲੀ ਵਿੱਚ ਸ਼ਹੀਦੀ ਪ੍ਰਾਪਤ ਕੀਤੀ।ਇਹ ਸ਼ਹਾਦਤ ਕੇਵਲ ਸਿੱਖ ਲਈ ਧਰਮ ਹੀ ਨਹੀਂ, ਸਗੋਂ ਸਮੂਹ ਮਨੁੱਖਤਾ ਲਈ ਅੰਤਰਧਾਰਮਿਕ ਸਹਿਣਸ਼ੀਲਤਾ ਅਤੇ ਨਿਆਂ ਦਾ ਮਹਾਨ ਸੰਦੇਸ਼ ਹੈ।

**ਮੁੱਖ ਸ਼ਬਦ: ਧਰਮ, ਸ਼ਹਾਦਤ, ਸਹਿਣਸ਼ੀਲਤਾ, ਗੁਰੂ, ਨਿਆਂ**

ਸਿੱਖ ਧਰਮ ਦੇ ਇਤਿਹਾਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਿਵੇਕਲਾ ਸਥਾਨ ਹੈ। ਆਪ ਜੀ ਦਾ ਜਨਮ 1621 ਈ: ਮੁਤਾਬਕ 5 ਵਿਸਾਖ 1678 ਬਿਕਰਮੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਦੀ ਕੁੱਖੋਂ ਪਿੰਡ ਗੁਰੂ ਕਾ ਚੱਕ, ਜਿਲ੍ਹਾ ਅੰਮ੍ਰਿਤਸਰ ਵਿੱਖੇ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਅਤੇ ਪੰਜਵੇਂ ਸਪੁੱਤਰ ਸਨ। ਬਚਪਨ ਵਿੱਚ ਆਪ ਜੀ ਨੇ ਆਪਣੇ ਵਸਤਰ ਕਿਸੇ ਮੰਗਣ ਵਾਲੇ ਨੂੰ ਦਾਨ ਕਰ ਦਿੱਤੇ। ਜਿਸ ਕਾਰਨ ਅਜਿਹੇ ਸੁਭਾਅ ਦੇ ਮਾਲਕ ਹੋਣ ਕਾਰਨ ਆਪ ਜੀ ਨੂੰ 'ਤਿਆਗ ਮੱਲ' ਦੇ ਨਾਮ ਨਾਲ ਸੁਸ਼ੋਭਿਤ ਕੀਤਾ। 14 ਸਾਲ ਦੀ ਉਮਰ ਵਿੱਚ ਕਰਤਾਰਪੁਰ ਦੀ ਜੰਗ ਵਿੱਚ ਆਪ ਜੀ ਨੇ ਮੁਗਲਾਂ ਵਿਰੁੱਧ ਐਸੀ ਬਹਾਦਰੀ ਨਾਲ ਤੇਗ ਚਲਾਈ ਕਿ ਆਪ ਦੇ ਪਿਤਾ ਨੇ ਹੀ ਆਪ ਨੂੰ ਤੇਗ ਬਹਾਦਰ ਕਹਿਣਾ ਸ਼ੁਰੂ ਕਰ ਦਿੱਤਾ।

ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਰਤਾਰਪੁਰ ਨਿਵਾਸੀ ਸ੍ਰੀ ਲਾਲ ਚੰਦ ਜੀ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ। ਆਪ ਜੀ ਦੇ ਘਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸੰਘ ਜੀ ਨੇ ਅਵਤਾਰ ਧਾਰਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਮਾਤਾ ਨਾਨਕੀ ਅਤੇ ਮਾਤਾ ਗੁਜਰੀ ਜੀ ਨੂੰ ਨਾਲ ਲੈ ਕੇ ਨਾਨਕੇ ਨਗਰ ਬਾਬਾ ਬਕਾਲਾ ਵਿਖੇ ਰਹਿਣ ਲੱਗ ਪਏ। ਜੀਵਨ ਦਾ ਲੰਮਾ ਸਮਾਂ ਪਾਤਸ਼ਾਹ ਜੀ ਦਾ ਭਜਨ ਬੰਦਗੀ ਅਤੇ ਸਿਮਰਨ ਵਿੱਚ ਬੀਤਿਆ। ਪ੍ਰਚਲਿਤ ਕਥਾਵਾਂ ਅਨੁਸਾਰ ਉਹਨਾਂ ਨੇ ਭੋਰੇ ਵਿੱਚ ਬੈਠ ਕੇ ਤਪੱਸਿਆ ਕੀਤੀ ਪਰ ਉਹਨਾਂ ਦੀ ਬਾਣੀ ਵਿੱਚ ਦਰਜ ਹੈ।

> ਕਾਹੇ ਰੇ ਬਨ ਖੋਜਨ ਜਾਈ
>
> ਸਰਬ ਨਿਵਾਸੀ ਸਦਾ ਅਲੇਪ
>
> ਤੋਹੀ ਸੰਗ ਸਮਾਈ।[1] (ਗੁਰੂ ਗ੍ਰੰਥ ਸਾਹਿਬ, ਪੰਨਾ 684)

ਗੁਰੂ ਸਾਹਿਬ ਨੇ ਬਹੁਤ ਸਾਰੀਆਂ ਘਰੇਲੂ ਵਿਰੋਧਤਾਵਾਂ ਦਾ ਸਾਹਮਣਾ ਕਰਦਿਆਂ ਵੀ ਸ਼ਾਂਤੀ ਦਾ ਪੱਲਾ ਨਾ ਛੱਡਿਆ। ਸਿੱਖ ਇਤਿਹਾਸ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਜੀ ਤੋਂ ਬਾਅਦ ਕਿਸੇ ਵੀ ਗੁਰੂ ਨੇ ਹਿੰਦੁਸਤਾਨ ਦੀ ਏਨੀ ਲੰਮੀ ਪ੍ਰਚਾਰ ਯਾਤਰਾ ਨਹੀਂ ਕੀਤੀ। 31, ਜੁਲਾਈ 1658 ਈ: ਨੂੰ ਔਰੰਗਜੇਬ ਤਖ਼ਤ ਤੇ ਬੈਠਾ ਸੀ ਤਾਂ ਉਸ ਨੇ ਹਿੰਦੂਆਂ ਵਿੱਚ ਡਰ ਤੇ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ, ਜਿਸ ਕਰਕੇ ਗੁਰੂ ਤੇਗ ਬਹਾਦਰ ਜੀ ਨੇ ਜ਼ੁਲਮ ਵਿਰੁੱਧ ਅਤੇ ਸਿੱਖੀ ਦੇ ਪ੍ਰਚਾਰ ਲਈ ਪ੍ਰਚਾਰ ਦੌਰਾ ਸ਼ੁਰੂ ਕਰਨ ਦਾ ਫੈਸਲਾ ਕੀਤਾ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਨਵੇਂ ਕੇਂਦਰ ਸਥਾਪਿਤ ਕਰਨ ਕਰਨ ਲਈ ਗੁਰੂ ਸਾਹਿਬ ਨੇ ਮਾਲਵਾ ਦੇਸ ਅਤੇ ਪੂਰਬ ਵਿੱਚ ਢਾਕਾ, ਬੰਗਾਲ ਤੱਕ ਯਾਤਰਾ ਕੀਤੀ। ਮਾਲਵਾ ਦੇਸ਼ ਦਾ ਉਧਾਰ ਕਰਦਿਆਂ ਗੁਰੂ ਸਾਹਿਬ ਨੇ ਬਹਾਦਰਗੜ੍ਹ ਤੋਂ ਚਾਲੇ ਪਾ ਕੇ ਦਾਦੂ ਮਾਜਰਾ, ਲੰਗਾ, ਮੂਲੋਵਾਲ, ਫਰਵਾਹੀ, ਹੰਢਾਇਆ, ਭੱਲੇਹਰ, ਖੀਵਾ, ਮੌੜ, ਸਾਬੋ ਕੀ ਤਲਵੰਡੀ, ਕੋਟ ਧਰਮੂ, ਬੁਢਲਾਡਾ, ਗੁਰਨੇ ਸਮਾਉ, ਭੀਖੀ, ਪੰਧੇਰ, ਖਿਆਲਾ, ਗੋਬਿੰਦਪੁਰਾ, ਲੇਹਲ, ਮੂਣਕ, ਮਕੋਰੜ ਸਾਹਿਬ ਆਦਿ ਨਗਰਾਂ ਦੀ ਯਾਤਰਾ ਕੀਤੀ ਅਤੇ ਸੰਗਤਾਂ ਨੂੰ ਗੁਰਮਤਿ ਦੇ ਲੜ ਲਾਇਆ। ਡਾ: ਸੁਖਦਿਆਲ ਜੀ ਦਾ ਵਿਚਾਰ ਹੈ ਕਿ ਗੁਰੂ ਜੀ ਦੇ ਪ੍ਰਚਾਰ ਦਾ ਸਮਾਂ 1675 ਈ: ਤੱਕ ਚਲਦਾ ਰਹਿੰਦਾ ਹੈ ਜਦੋਂ ਤੱਕ ਉਹਨਾਂ ਦੀ ਸ਼ਹਾਦਤ ਨਹੀਂ ਹੁੰਦੀ। ਉਹਨਾਂ ਨੇ ਸਿੱਖੀ ਦਾ ਪ੍ਰਚਾਰ ਕਰਦਿਆਂ ਮੁਗ਼ਲ ਹਕੂਮਤ ਤੋਂ ਸਤਾਏ ਲੋਕਾਂ ਵਿੱਚ ਨਵੀਂ ਚੇਤਨਾ ਭਰੀ। ਡਾ. ਸੁਖਦਿਆਲ ਸਿੰਘ ਅਨੁਸਾਰ :

> "ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਦੇਵ ਜੀ ਪਿੱਛੋਂ ਦੂਸਰੇ ਗੁਰੂ ਸਨ ਜਿਨ੍ਹਾਂ ਨੇ ਸਭ ਤੋਂ ਵੱਧ ਦੇਸ਼ ਵਿਆਪੀ ਦੌਰੇ ਕੀਤੇ। ਇਹਨਾਂ ਦੌਰਿਆਂ ਰਾਹੀਂ ਉਹਨਾਂ ਨੇ ਸਿੱਖ ਸੰਗਤਾਂ ਵਿੱਚ ਨਵੀਂ ਚੇਤਨਾ ਲਿਆਂਦੀ। ਹਿੰਦੂ ਸਮਾਜ ਵੀ ਗੁਰੂ ਤੇਗ ਬਹਾਦਰ ਜੀ ਦੁਆਲੇ ਇਕੱਠੇ ਹੋਣਾ ਸ਼ੁਰੂ ਹੋ ਗਿਆ ਸੀ"।[2]


© Copyright @ Authors

ਗੁਰੂ ਸਾਹਿਬਾਨ ਨੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਦੇ ਹੋਇ ਪਾਣੀ ਲਈ ਅਨੇਕਾਂ ਖ਼ੂਹ ਲਗਵਾਏ ਅਤੇ ਅਨੇਕਾਂ ਉਸਾਰੂ ਕਾਰਜ ਕੀਤੇ। ਮਾਲਵੇ ਤੋਂ ਬਾਅਦ ਗੁਰੂ ਸਾਹਿਬ ਧਮਧਾਨ, ਕੁਰੂਕਸ਼ੇਤਰ, ਥਾਨੇਸ਼ਰ,ਆਦਿ ਥਾਵਾਂ ਤੇ ਹੁੰਦੇ ਹੋਏ ਪੂਰਬ ਦੀ ਯਾਤਰਾ ਤੇ ਗਏ। ਇਸ ਯਾਤਰਾ ਦੌਰਾਨ ਗੁਰੂ ਸਾਹਿਬ ਮਥਰਾ, ਆਗਰਾ, ਇਲਾਹਾਬਾਦ, ਬਨਾਰਸ, ਸਸਰਾਮ, ਗਯਾ, ਪਟਨਾ, ਢਾਕਾ, ਨਗਰਾਂ ਵਿੱਚ ਗਏ ਅਤੇ ਸਿੱਖੀ ਦਾ ਪ੍ਰਚਾਰ ਕੀਤਾ।

**ਬਾਣੀ ਰਚਨਾ; –**

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤੀ। ਗੁਰੂ ਸਾਹਿਬ ਜੀ ਦੇ 116 ਸ਼ਬਦ 15 ਰਾਗਾਂ ਵਿੱਚ ਅੰਕਿਤ ਹਨ। ਇਹਨਾਂ 15 ਰਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ: –

> ਗਉੜੀ, ਆਸਾ, ਗੂਜਰੀ, ਬਿਹਾਗੜਾ, ਸੋਰਠਿ, ਜੈਤਸਰੀ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ ਬਸੰਤ, ਸਾਰੰਗ, ਅਤੇ ਜੈਜਾਵੰਤੀ। ਡਾ. ਗੁਰਨਾਮ ਕੌਰ ਅਨੁਸਾਰ ਉਹਨਾਂ ਦੀ ਬਾਣੀ ਭਾਵੇਂ ਅਕਾਰ ਵਿੱਚ ਬਹੁਤ ਜਿਆਦਾ ਨਹੀਂ ਹੈ ਪਰੰਤੂ ਉਹਨਾਂ ਨੇ ਕਰਤਾਪੁਰਖ, ਸੰਸਾਰ, ਮਨੁੱਖ, ਮਨੁੱਖ ਦੀ ਹੋਣੀ, ਮਨੁੱਖ ਦੇ ਜਨਮ ਲੈਣ ਦਾ ਮਕਸਦ, ਕਰਤਾਪੁਰਖ ਦਾ ਸੰਸਾਰ ਅਤੇ ਮਨੁੱਖ ਨਾਲ ਸਬੰਧ ਆਦਿ ਧਰਮ ਸ਼ਾਸ਼ਤਰ ਦੇ ਵਿਸ਼ਿਆਂ ਤੇ ਆਪਣੀ ਬਾਣੀ ਵਿੱਚ ਬਹੁਤ ਗੰਭੀਰਤਾ ਨਾਲ ਪੇਸ਼ ਕੀਤੀ ਹੈ।[3]

**ਅਦੁਤੀ ਸ਼ਹਾਦਤ –**

ਔਰੰਗਜ਼ੇਬ ਨੇ ਆਪਣੇ ਪਿਓ ਸ਼ਾਹਜਹਾਨ, ਅਤੇ ਭੈਣ ਨੂੰ ਕੈਦ ਕਰਕੇ ਭਰਾਵਾਂ ਦਾ ਕਤਲ ਕਰਕੇ ਪੀਰਾਂ ਫ਼ਕੀਰਾਂ ਉੱਪਰ ਜ਼ੁਲਮ ਢਾਹ ਕੇ ਦਿੱਲੀ ਦਾ ਤਖ਼ਤ ਹਥਿਆਇਆ। ਉਸ ਦੇ ਫਲ ਸਵਰੂਪ ਉਸ ਦੇ ਦੀਨੀ ਭਰਾਵਾਂ ਦਾ ਵੱਡਾ ਹਿੱਸਾ ਉਸ ਦੇ ਖਿਲਾਫ਼ ਹੋ ਗਿਆ। ਆਪਣੇ ਦੀਨ ਦਾ ਹਿਤੈਸ਼ੀ ਬਣਨ ਲਈ ਅਤੇ ਆਪਣੇ ਦੀਨੀ ਭਰਾਵਾਂ ਦੇ ਮਨ ਵਿੱਚ ਵਿਸ਼ਵਾਸ਼ ਬਣਾਉਣ ਲਈ ਉਸ ਨੇ ਹਿੰਦੂਆਂ ਉੱਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਇਸ ਇੱਛਾ ਨੂੰ ਮੁੱਖ ਰੱਖ ਕੇ ਉਸਨੇ ਨੀਤੀਆਂ ਘੜੀਅ ਸਿੱਟੇ ਵਜੋਂ ਸਰਕਾਰੀ ਅਹਿਲਕਾਰਾਂ ਦਾ ਦੂਜੇ ਧਰਮਾਂ ਪ੍ਰਤੀ ਸਲੂਕ ਅਤਿ ਮਾੜਾ ਤੇ ਅਤਿਆਚਾਰੀ ਹੋ ਗਿਆ। ਤਲਵਾਰ ਦੇ ਜ਼ੋਰ ਨਾਲ ਧਰਮ ਪਰਿਵਰਤਨ ਕਰਾਇਆ ਜਾਣ ਲੱਗਾ। ਹਿੰਦੂ ਮੰਦਰਾਂ ਨੂੰ ਢਾਹ ਕੇ ਮਸੀਤਾਂ ਬਣਾਈਆਂ ਜਾਣ ਲੱਗ ਪਈਆਂ। ਬਾਦਸ਼ਾਹ ਦੇ ਇਸ ਅਤਿਆਚਾਰ ਕਾਰਨ ਦੇਸ਼ ਵਿੱਚ ਹਾਹਾਕਾਰ ਮੱਚ ਗਈ। ਸਭ ਤੋਂ ਵੱਧ ਜ਼ੁਲਮ ਕਸ਼ਮੀਰ ਦੇ ਪੰਡਤਾਂ ਉੱਪਰ ਹੋਣ ਲੱਗੇ। ਸਾਕੀ ਮੁਸਤਾਅਦ ਖਾਂ ਰਚਿਤ ਮਆਮਿਰੀ ਆਲਮਗੀਰੀ ਵਿੱਚ ਲਿਖਦੇ ਹਨ:–

> "ਹਿੰਦੂਆਂ ਉੱਪਰ ਜ਼ੁਲਮ ਤਾਂ ਸਾਰੇ ਹਿੰਦੁਸਤਾਨ ਵਿੱਚ ਹੋ ਰਿਹਾ ਸੀ ਪਰ ਕਸ਼ਮੀਰ ਸੂਬੇ ਦਾ ਗਵਰਨਰ ਅੱਤਿਆਚਾਰੀ ਸਾਬਤ ਹੋਇਆ। ਕਸ਼ਮੀਰ ਵਿੱਚ ਇਫਤਿਖਾਰ ਖਾਨ ਸੂਬੇਦਾਰ ਸੀ। ਇਸਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਮੁਸਲਮਾਨ ਬਣਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਸੀ।"[4]

ਔਰੰਗਜ਼ੇਬ ਦੇ ਅਹਿਲਕਾਰਾਂ ਨੇ ਧਰਮ ਪਰਿਵਰਤਨ ਦਾ ਕਾਰਜ ਜਦ ਕਸ਼ਮੀਰ ਵਿੱਚੋਂ ਸ਼ੁਰੂ ਕੀਤਾ ਤਾਂ ਇਸ ਅੱਤਿਆਚਾਰ ਤੇ ਜ਼ੁਲਮ ਤੋਂ ਘਬਰਾਏ ਹੋਏ ਕਸ਼ਮੀਰੀ ਬ੍ਰਾਹਮਣ ਨੇ ਹਿੰਦੂ ਰਾਜਪੂਤ ਰਾਜਿਆਂ ਦੇ ਦਰ ਤੇ ਦਸਤਕ ਦਿੱਤੀ ਪਰ ਕਿਸੇ ਵੀ ਹਿੰਦੂ ਰਾਜੇ ਨੇ ਉਹਨਾਂ ਦੀ ਬਾਂਹ ਨਾ ਫੜੀ। ਬ੍ਰਾਹਮਣਾਂ ਦਾ ਇਹ ਜਥਾ ਜਗਨਾਥਪੁਰੀ ਤੱਕ ਵੀ ਗਿਆ ਪਰ ਕਿਸੇ ਨੇ ਵੀ ਉਹਨਾਂ ਦੀ ਮੱਦਦ ਨਾ ਕੀਤੀ। ਅਖੀਰ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਜਥਾ ਆਨੰਦਪੁਰ ਵਿਖੇ ਗੁਰੂ ਜੀ ਦੀ ਸ਼ਰਨ ਵਿੱਚ ਆਇਆ ਅਤੇ ਰੱਖਿਆ ਲਈ ਪ੍ਰਾਰਥਨਾ ਕੀਤੀ। ਕਸ਼ਮੀਰੀ ਬ੍ਰਾਹਮਣਾਂ ਦੀ ਫਰਿਆਦ ਸੁਣ ਕੇ ਗੁਰੂ ਸਾਹਿਬ ਨੇ ਫਰਮਾਇਆ ਕਿ ਬਾਦਸ਼ਾਹ ਔਰੰਗਜ਼ੇਬ ਤੱਕ ਇਹ ਸੰਦੇਸ਼ ਪੁਚਾ ਦਿਓ ਕਿ ਜੇ ਬਾਦਸ਼ਾਹ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲੈਣ ਤਾਂ ਅਸੀਂ ਸਾਰੇ ਇਸਲਾਮ ਦੀ ਧਾਰਾ ਵਿੱਚ ਆ ਜਾਵਾਂਗੇ। ਬ੍ਰਾਹਮਣਾਂ ਨੇ ਇਹ ਸੁਨੇਹਾ ਕਸ਼ਮੀਰ ਦੇ ਹਾਕਮ ਨੂੰ ਜਾ ਦਿੱਤਾ ਅਤੇ ਉਸ ਨੇ ਅੱਗੋਂ ਇਹ ਸੁਨੇਹਾ ਔਰੰਗਜ਼ੇਬ ਤੱਕ ਪਹੁੰਚਾਇਆ। ਔਰੰਗਜ਼ੇਬ ਨੇ ਆਪਣੀ ਮੰਜ਼ਿਲ ਪ੍ਰਾਪਤੀ ਅਸਾਨ ਸਮਝ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫਤਾਰੀ ਦਾ ਹੁਕਮ ਜਾਰੀ ਕਰ ਦਿੱਤਾ। ਗੁਰੂ ਸਾਹਿਬ ਨੇ 9 ਬਰਸ ਦੇ ਬਾਲ ਗੋਬਿੰਦ ਰਾਏ ਨੂੰ ਗੁਰਗੱਦੀ ਸੌਂਪੀ ਅਤੇ ਮਨੁੱਖੀ ਹੱਕਾਂ ਅਤੇ ਧਰਮ ਦੀ ਰੱਖਿਆ ਲਈ ਸ਼ਹਾਦਤ ਦੇਣ ਲਈ ਦਿੱਲੀ ਵੱਲ ਚੱਲ ਪਏ। ਜਸਵੰਤ ਸਿੰਘ ਅਨੁਸਾਰ :–

> "ਹੁਣ ਸਿਰਫ ਹਿੰਦੂ ਦੀ ਹੀ ਅਜ਼ਾਦੀ ਦੀ ਰੱਖਿਆ ਦਾ ਸਵਾਲ ਨਹੀਂ ਸੀ ਸਗੋਂ ਸੰਸਾਰ ਦੇ ਸਮੁੱਚੇ ਧਰਮਾਂ ਅਤੇ ਉਹਨਾਂ ਦੇ ਪੈਰੋਕਾਰਾਂ ਦੇ ਵਿਸ਼ਵਾਸ਼ ਦੀ ਅਚਾਦੀ ਦੀ ਰੱਖਿਆ ਦਾ ਸਵਾਲ ਸੀ ਜੇ ਜਾਲਮ ਤਲਵਾਰ ਦੇ ਜ਼ੋਰ ਨਾਲ ਕਿਸੇ ਵੀ ਇੱਕ ਧਰਮ ਦੇ ਪੈਰੋਕਾਰਾਂ ਦਾ ਧਰਮ ਸਮੂਹਿਕ ਰੂਪ ਵਿੱਚ ਬਦਲਣ ਵਿੱਚ ਸਫਲ ਹੋ ਜਾਂਦਾ ਹੈ ਤਾਂ ਸੰਸਾਰ ਭਰ ਵਿੱਚ ਇੱਕ ਨਵੀਂ ਜੱਦੋਂ ਜਹਿਦ ਸ਼ੁਰੂ ਹੋ ਜਾਣੀ ਸੀ। ਦੇਸ਼ ਤੇ ਪ੍ਰਦੇਸ਼ ਦੀਆਂ ਸਰਹਦਾਂ ਵੱਢੀਆਂ ਕਰਨ ਦੀ ਲੜਾਈ ਦੇ ਨਾਲ ਨਾਲ ਧਰਮ ਫੈਲਾਉਣ ਲਈ ਵੀ ਤਲਵਾਰ ਦੀ ਧਾਰ ਤੇਜ਼ ਹੋ ਜਾਣੀ ਸੀ।"[5]

ਗ੍ਰਿਫਤਾਰੀ ਦੇ ਹੁਕਮਾਂ ਨੂੰ ਸੁਣਦਿਆਂ ਹੀ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਚਲ ਕੇ ਕੀਰਤਪੁਰ ਸਾਹਿਬ, ਰੋਪੜ, ਸੈਫਾਬਾਦ, ਸਮਾਣਾ, ਕਰਹਾਲੀ, ਚੀਕਾ, ਖਰਕ, ਖਟਕੜ, ਜੀਂਦ, ਬਾਂਗਰ ਦੇਸ਼ ਆਦਿ ਥਾਵਾਂ ਤੇ ਹੁੰਦੇ ਹੋਏ ਆਗਰਾ ਪਹੁੰਚੇ। ਰਸਤੇ ਵਿੱਚ ਆਪ ਜੀ ਨੇ ਅਨੇਕਾਂ ਗੁਰਸਿੱਖਾਂ ਨੂੰ ਦਰਸ਼ਨ ਦੀਦਾਰੇ ਬਖ਼ਸ਼ੇ ਅਤੇ ਨਾ ਕਿਸੇ ਦਾ ਭੈਅ ਮੰਨੇ ਅਤੇ ਨਾ ਕਿਸੇ ਨੂੰ ਭੈਅ ਦਿਓ ਦਾ ਉਪਦੇਸ਼ ਦਿੱਤਾ। ਆਗਰੇ ਪਹੁੰਚ ਕੇ ਗੁਰੂ ਜੀ ਨੇ ਸੰਗਤ ਨੂੰ ਵਾਪਸ ਜਾਣ ਦਾ ਆਦੇਸ਼ ਦੇ ਦਿੱਤਾ ਅਤੇ ਇੱਕ ਕੌਤਕ ਵਰਤਾ ਗ੍ਰਿਫਤਾਰੀ ਦੇ ਦਿੱਤੀ। ਆਗਰੇ ਦੇ ਫੌਜਦਾਰ ਨੇ 100 ਘੋੜਸਵਾਰ ਭੇਜ ਕੇ ਗੁਰੂ ਸਾਹਿਬਾਨ ਨੂੰ ਗ੍ਰਿਫਤਾਰ ਕੀਤਾ ਅਤੇ ਸਖ਼ਤ ਪਹਿਰੇ ਅਧੀਨ ਰੱਖਿਆ। ਅਗਲੀ ਸਵੇਰ ਦਿੱਲੀ ਤੋਂ 1200


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਸਿਪਾਈਆਂ ਦੀ ਟੁਕੜੀ ਮੰਗਵਾਈ ਗਈ। ਸਿਪਾਹੀਆਂ ਦੇ ਸਖ਼ਤ ਪਹਿਰੇ ਅਧੀਨ ਗੁਰੂ ਸਾਹਿਬ ਨੂੰ ਦਿੱਲੀ ਲਿਆਂਦਾ ਗਿਆ ਅਗਲੇ ਦਿਨ ਗੁਰੂ ਸਾਹਿਬ ਅੱਗੇ ਪੇਸ਼ਕਸ਼ ਰੱਖੀ ਗਈ ਕਿ ਜਾਂ ਤਾਂ ਇਸਲਾਮ ਕਬੂਲ ਕਰੋ ਜਾਂ ਫਿਰ ਮਰਨ ਲਈ ਤਿਆਰ ਹੋ ਜਾਵੋ। ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਬਹੁਤ ਸਾਰੇ ਲਾਲਚ ਅਤੇ ਡਰਾਵੇ ਦਿੱਤੇ ਗਏ। ਜ਼ਾਲਮ ਹਕੂਮਤ ਦੀਆਂ ਸਖਤੀਆਂ ਡਰਾਵਿਆਂ ਅਤੇ ਲਾਲਚਾਂ ਦਾ ਗੁਰੂ ਸਾਹਿਬ ਤੇ ਰੱਤੀ ਜਿੰਨਾਂ ਵੀ ਅਸਰ ਨਾ ਹੋਇਆ। ਗੁਰੂ ਸਾਹਿਬ ਨੇ ਅਡੋਲਤਾ ਦਿਖਾਈ ਅਤੇ ਹਕੂਮਤ ਦਾ ਫੈਸਲਾ ਸਿਰ ਮੱਥੇ ਪ੍ਰਵਾਨ ਕੀਤਾ। ਗੁਰੂ ਸਾਹਿਬ ਨੂੰ ਸਿੱਖਾਂ ਦੀ ਪੀੜਾ ਦੇ ਵਿੱਚ ਦੇਖ ਕੇ ਮਨ ਡੋਲ ਜਾਣ ਦਾ ਜ਼ਰੀਆ ਵੀ ਵਰਤਿਆ ਗਿਆ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ਼ ਵਿੱਚ ਬਿਠਾ ਕੇ ਸ਼ਹੀਦ ਕੀਤਾ ਅੰਤ ਵਿੱਚ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾਈ ਗਈ। ਇਸ ਘਟਨਾਂ ਤੋਂ ਬਾਅਦ ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਤਿੰਨ ਸ਼ਰਤਾਂ ਵਿੱਚੋਂ ਇੱਕ ਕਬੂਲ ਕਰੋ। ਇਸਲਾਮ ਕਬੂਲ ਕਰੋ, ਕਰਾਮਾਤ ਦਿਖਾਓ ਜਾਂ ਫਿਰ ਮਰਨ ਲਈ ਤਿਆਰ ਹੋ ਜਾਵੋ। ਗੁਰੂ ਸਾਹਿਬ ਨੇ ਨਾ ਇਸਲਾਮ ਕਬੂਲ ਕੀਤਾ, ਨਾ ਕਰਾਮਾਤ ਦਿਖਾਈ। ਉਹ ਕੁਰਬਾਨੀ ਲਈ ਤਿਆਰ ਹੋ ਗਏ। ਅੰਤ ਹੁਕਮਾਂ ਅਨੁਸਾਰ ਦਿੱਲੀ ਦੇ ਚਾਂਦਨੀ ਚੌਂਕ ਵਿੱਚ 11 ਨਵੰਬਰ 1675 ਈ: ਨੂੰ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ। ਡਾ. ਜਸਪਾਲ ਸਿੰਘ ਉਹਨਾਂ ਦੀ ਇਸ ਅਦੁਤੀ ਸ਼ਹਾਦਤ ਸਬੰਧੀ ਲਿਖਦੇ ਹਨ:-

> "ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਧਰਮਾਂ, ਸੱਭਿਆਚਾਰਾਂ,ਸੁਤੰਤਰਤਾਂ ਅਤੇ ਇਨਸਾਨੀਅਤ ਦੀਆਂ ਕਦਰਾਂ ਕਿਮਤਾਂ ਦੀ ਸਦੀਵਤਾ ਦਾ ਇਕ ਅਜਿਹਾ ਕ੍ਰਿਸ਼ਮਾਂ ਹੈ ਜੋ ਇਤਿਹਾਸ ਵਿੱਚ ਹਮੇਸ਼ਾਂ ਸੁਨਿਹਰੇ ਅੱਖਰਾਂ ਵਿੱਚ ਲਿਖਿਆ ਰਹੇਗਾ।"[6]

ਉਪਰੋਕਤ ਵਿਚਾਰ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਕ ਇਤਿਹਾਸਕ ਘਟਨਾ ਹੈ ਜਿਸ ਨੇ ਕੌਮ ਵਿੱਚ ਇੱਕ ਨਵੀਂ ਜਾਗ੍ਰਿਤੀ ਪੈਦਾ ਕੀਤੀ। ਗੁਰੂ ਜੀ ਦੀ ਸ਼ਹੀਦੀ ਮਨੁੱਖਤਾਂ ਦੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸ਼ਹੀਦੀ ਸੀ। ਇਹ ਸ਼ਹੀਦੀ ਹਿੰਦੂ ਧਰਮ ਲਈ ਸ਼ਹੀਦੀ ਨਹੀਂ ਸੀ ਸਗੋਂ ਸਮੁੱਚੀ ਮਨੁੱਖਤਾਂ ਦੇ ਹੱਕਾਂ ਦੀ ਪੈਰਵੀ ਸੀ ਅਤੇ ਅੱਤਿਆਚਾਰ ਦੇ ਖਿਆਲ ਜੰਗ ਸੀ ਅਤੇ ਧਰਮ ਨਿਰਪੱਖਤਾ ਦੀ ਅਦੁਤੀ ਮਿਸਾਲ ਸੀ। ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਦੇ ਹਨ:-

> "ਸਿੱਖ ਕੌਮ ਜੁਝਾਰੂਆਂ, ਸ਼ਹੀਦਾਂ, ਹਠੀਆਂ, ਤਪੀਆਂ ਦੀ ਕੌਮ ਹੈ। ਸੱਚ ਆਖਣਾ ਤੇ ਸੱਚ ਬੋਲਣ ਦੀ ਕੀਮਤ ਤਾਰਨ ਵਾਸਤੇ ਹਰ ਵੇਲੇ ਤਿਆਰ ਰਹਿਣਾ, ਸਿੱਖ ਕੌਮ ਨੇ ਆਪਣੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਸਿੱਖਿਆ ਸੀ। ਹੱਕ ਅਤੇ ਸੱਚ ਇਨਸਾਫ ਧਰਮ ਵਾਸਤੇ ਜਾਨ ਕੁਰਬਾਨ ਸਬਕ ਤਿੰਨ ਗੁਰੂ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਸ਼ਹੀਦੀਆਂ ਦੇ ਕੇ ਸਿਖਾਇਆ ਹੈ।"[7]

ਇਸ ਪ੍ਰਕਾਰ ਗੁਰੂ ਜੀ ਦੀ ਸ਼ਹਾਦਤ, ਦਲੇਰੀ, ਸਿਰੜ, ਸੂਰਬੀਰਤਾ, ਕੁਰਬਾਨੀ ਅਤੇ ਧਰਮ ਤੇ ਹੱਕ ਸੱਚ ਦੀ ਰੱਖਿਆ ਦਾ ਪ੍ਰਤੀਕ ਹੈ।

**ਹਵਾਲੇ ਤੇ ਟਿੱਪਣੀਆਂ:-**

1. ਸ੍ਰੀ ਗੁਰੂ ਗ੍ਰੰਥ ਸਾਹਿਬ -ਪੰਨਾ 684,
2. ਡਾ. ਸੁਖਦਿਆਲ ਸਿੰਘ, ਪੰਜਾਬ ਦਾ ਇਤਿਹਾਸ ਜਿਲਦ 5, ਪੰਨਾ, 166
3. ਡਾ. ਗੁਰਨਾਮ ਕੌਰ, ਗੁਰਮੁਖੀ, ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ 261 ਪੰਨਾ 1
4. ਸਾਕੀ ਮੁਸਤਾਅਦ ਖਾਂ-ਮਆਸਿਰਿ ਆਲਮਗੀਰੀ ਪੰਜਾਬੀ (ਅਨੁਵਾਦ) ਪੰਨਾ 85
5. ਜਸਵੰਤ ਸਿੰਘ ਗੁਰਮੁਖੀ, ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ, ਪੰਨਾ 4
6. ਡਾ. ਜਸਪਾਲ ਸਿੰਘ ਸਿੱਖ ਵਿਰਾਸਤ ਸਿਧਾਂਤ ਤੇ ਵਿਹਾਰ, ਪੰਨਾ 71
7. ਡਾ. ਹਰਜਿੰਦਰ ਸਿੰਘ ਦਿਲਗੀਰ, ਗੁਰੂ ਦੇ ਸ਼ੇਰ, ਪੰਨਾ 10


© Copyright @ Authors